## ਗੁਰੂ ਨਾਨਕ - ਸਬਦ ੧੪
## ਮੰਨੇ ਕੀ ਗਤਿ ਕਹੀ ਨ ਜਾਇ ॥
## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੩

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

**ਸਾਰ:** ਸਵੀਕ੍ਰਿਤੀ ਜੀਵਨ ਨੂੰ ਬਿਨਾਂ ਕਿਸੇ ਵਿਰੋਧ ਦੇ ਵੇਖਣਾ ਹੈ ਅਤੇ ਆਪਣੇ ਆਪ ਨੂੰ ਬਿਨਾਂ ਸ਼ਰਤ ਇਸ ਦੇ ਨਾਲ ਵਹਿਣ ਦੀ ਆਗਿਆ ਦੇਣਾ ਹੈ। ਇਸ ਨਾਲ ਜੋ ਲਾਭ ਅਤੇ ਅਨੰਦ ਆ ਸਕਦਾ ਹੈ ਉਹ ਪ੍ਰਗਟਾਵੇ ਦੇ ਘੇਰੇ ਤੋਂ ਪਰੇ ਹੈ।

ਮੰਨੇ ਕੀ ਗਤਿ ਕਹੀ ਨ ਜਾਇ ॥
ਜੋ ਸਵੀਕ੍ਰਿਤੀ ਦਾ ਅਭਿਆਸ ਕਰਦੇ ਹਨ ਉਹ ਆਪਣੀ ਅੰਤਰੀਵ ਅਵਸਥਾ ਦਾ ਇਜ਼ਹਾਰ ਨਹੀਂ ਕਰ ਸਕਦੇ।

ਜੇ ਕੋ ਕਹੈ ਪਿਛੈ ਪਛੁਤਾਇ ॥
ਜਦੋਂ ਇਸ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਇਹ ਵਰਣਨ ਤੋਂ ਪਰੇ ਨਿਰਾਸ਼ਾ ਹੀ ਦਿੰਦੀ ਹੈ।

ਕਾਗਦਿ ਕਲਮ ਨ ਲਿਖਣਹਾਰੁ ॥
ਜੇ ਕੋਈ ਲੇਖਕ ਇਸ ਨੂੰ ਲਿਖਣ ਦੀ ਕੋਸ਼ਿਸ਼ ਕਰੇ, ਤਾਂ ਇਸ ਲਈ ਨਾ ਕੋਈ ਕਾਗਜ਼ ਅਤੇ ਨਾ ਸਿਆਹੀ ਕਾਫ਼ੀ ਹੋਵੇਗੀ।

ਮੰਨੈ ਕਾ ਬਹਿ ਕਰਨਿ ਵੀਚਾਰੁ ॥

ਸਵੀਕ੍ਰਿਤੀ ਦਾ ਅਭਿਆਸ ਕਰਨ ਵਾਲੇ ਸੁਹਿਰਦਤਾ ਨਾਲ ਸੰਵਾਦ ਦੀ ਪਹਿਲ ਕਦਮੀ ਕਰਦੇ ਹਨ।

ਐਸਾ ਨਾਮੁ ਨਿਰੰਜਨੁ ਹੋਇ ॥

ਅਜਿਹੇ ਜੀਵਾਂ ਦੀ ਹੋਂਦ ਪਵਿੱਤ੍ਰ ਹੈ।

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

ਜੋ ਸਵੀਕ੍ਰਿਤੀ ਦਾ ਅਭਿਆਸ ਕਰਦੇ ਹਨ, ਉਹ ਹੀ ਆਪਣੀ ਅਵਸਥਾ ਤੋਂ ਜਾਣੂ ਹੁੰਦੇ ਹਨ। (੧੨)

**ਤੱਤ:** ਗੁਰੂ ਨਾਨਕ ਕਹਿੰਦੇ ਹਨ ਕਿ ਜਦੋਂ ਕੋਈ ਹਰ ਪਲ ਨੂੰ ਵਿਕਾਸਵਾਦੀ ਪ੍ਰਵਾਹ ਦੇ ਹਿੱਸੇ ਵਜੋਂ ਮਾਨਤਾ ਦਿੰਦਾ ਹੈ ਤਾਂ ਸਵੀਕ੍ਰਿਤੀ ਦਾ ਲਾਭ ਪ੍ਰਾਪਤ ਹੁੰਦਾ ਹੈ। ਇਹ ਮਾਨਤਾ ਸੂਝ ਨੂੰ ਗ੍ਰਹਿਣ ਕਰਨ ਲਈ ਅਸੀਮਿਤ ਸੰਵਾਦ ਲਈ ਅੰਤਰੀਵ ਦੇ ਦਰਵਾਜ਼ ਨੂੰ ਖੋਲ੍ਹਦੀ ਹੈ।

---

ਪਹਿਲਕਦਮੀ

**Oneness In Diversity Research Foundation**

**ਵੈੱਬਸਾਈਟ:** OnenessInDiversity.com

**ਈਮੇਲ: onenessindiversityfoundation@gmail.com**